ਦਫਤਰ ਡਿਪਟੀ ਕਮਿਸ਼ਨਰ ਜਲੰਧਰ
Office of the Deputy Commissioner
Jalandhar (Punjab)
No. ............................
Date ..........................
Ph. : 0181-2224783 (O)
: 2459664 (R)
Fax : 2224727
dc.jal@punjabmail.gov.in

## ਹੁਕਮ:

ਜਿਵੇਂ ਕਿ ਭਾਰਤ ਸਰਕਾਰ ਨੇ ਕੋਵਿਡ-19 ਨੂੰ ਮਹਾਂਮਾਰੀ ਘੋਸ਼ਿਤ ਕਰਨ ਉਪਰੰਤ ਪੰਜਾਬ ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ ਨੰ. 14/7/2020-4/676 ਮਿਤੀ 5-3-2020 ਰਾਹੀਂ ਕੋਵਿਡ-19 ਨੂੰ Epidemic Disease Act ਤਹਿਤ ਪੰਜਾਬ ਰਾਜ ਵਿੱਚ ਮਹਾਂ ਮਾਰੀ ਘੋਸ਼ਿਤ ਕਰ ਦਿੱਤਾ ਗਿਆ ਹੈ। ਸਮੂਹ ਲੋਕਾਂ ਨੂੰ ਕੋਵਿਡ -19 ਦੇ ਮਾੜੇ ਪਰਵਾਭ ਤੋਂ ਬਚਣ ਲਈ ਅਪਾਤਕਾਲ ਦੀ ਸਥਿਤੀ ਨੂੰ ਧਿਆਨ ਵਿੱਚ ਰਖਦੇ ਹੋਏ ਲੋਕਾਂ ਦੀ ਸੁਰਖਿਆ ਲਈ ਅਤੇ ਮਹਾਂਮਾਰੀ ਤੋਂ ਬਚਣ ਲਈ ਕਰਫਿਊ ਲਗਾਇਆ ਗਿਆ ਹੈ।

ਜਿਲ੍ਹਾ ਜਲੰਧਰ ਵਿੱਚ ਕੋਵਿਡ-19 ਦੀ ਮੌਜੂਦਾ ਸਥਿਤੀ ਨੂੰ ਮੁੱਖ ਰਖਦੇ ਹੋਏ ਪੰਜਾਬ ਸਰਕਾਰ ਵਲੋਂ ਗ੍ਰਹਿ ਮਾਮਲਿਆਂ ਅਤੇ ਜਸਟਿਸ ਵਿਭਾਗ ਦੇ ਪੱਤਰ ਨੰ. ਐਸ.ਐਸ/ਏ.ਸੀ.ਐਸ.ਐਚ/2020/354 ਮਿਤੀ 3-5-2020 ਅਤੇ ਐਮ.ਐਚ ਦੇ ਮਿਤੀ 1-5-2020 ਜੋ ਮਿਤੀ 4-5-2020 ਤੋਂ ਲਾਗੂ ਹੋਣਗੇ ਰਾਹੀਂ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ। ਕੋਵਿਡ-19 ਦੀ ਰੋਖਥਾਮ ਲਈ ਜਿਲ੍ਹਾ ਜਲੰਧਰ ਨੂੰ ਰੈਡ ਜੋਨ ਵਿੱਚ ਸ਼੍ਰੇਣੀਬੰਦ ਕੀਤਾ ਗਿਆ ਹੈ।

ਪੰਜਾਬ ਸਰਕਾਰ, ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨਜਮੈਂਟ ਵਿਭਾਗ, ਅਸ਼ਟਾਮ ਤੇ ਰਜਿਸਟਰੇਸ਼ਨ ਸ਼ਾਖਾ ਜੀ ਵਲੋਂ ਜਾਰੀ ਮੀਮੋ ਨੰ. 01/02/2020/ਐਸ.ਟੀ-2/6226-28 ਮਿਤੀ 6-5-2020 ਰਾਹੀਂ ਪ੍ਰਾਪਤ ਹੋਏ ਨਿਰਦੇਸ਼ਾਂ ਦੇ ਸਨਮੁੱਖ ਮੈਂ ਵਰਿੰਦਰ ਕੁਮਾਰ ਸ਼ਰਮਾ, ਆਈ.ਏ.ਐਸ ਜਿਲ੍ਹਾ ਮੈਜਿਸਟਰੇਟ ਜਲੰਧਰ ਫੌਜਦਾਰੀ ਸੰਗਤਾਂ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾ ਦੀ ਵਰਤੋਂ ਕਰਦੇ ਹੋਏ ਜਿਲ੍ਹਾ ਜਲੰਧਰ ਵਿੱਚ ਵੱਖ-ਵੱਖ ਕਿਸਮ ਦੇ ਵਸੀਕਿਆਂ ਦੀ ਰਜਿਸਟਰੇਸ਼ਨ ਦੇ ਕੰਮ ਨੂੰ ਮੁੜ ਸ਼ੁਰੂ ਕਰਨ ਲਈ ਹੇਠ ਲਿਖੇ ਅਨੁਸਾਰ ਹੁਕਮ ਜਾਰੀ ਕਰਦਾ ਹਾ:-

ਪੈਰਾ ਨੰਬਰ 1.

- ਜਿਲ੍ਹਾ ਜਲੰਧਰ ਰੈਡ ਜੋਨ ਹੈ। ਇਸ ਲਈ ਆਨ ਲਾਈਨ ਸਿਸਟਮ ਰਾਹੀਂ ਦਸਤਾਵੇਜਾਂ ਨੂੰ ਰਜਿਸਟਰਡ ਕਰਵਾਉਣ ਲਈ ਮੌਜੂਦਾ ਨਿਸ਼ਚਿਤ ਗਿਣਤੀ ਦਾ ਤੀਜਾ ਹਿੱਸਾ (1/3rd) ਜਾਂ ਵੱਧ ਤੋਂ ਵੱਧ 50 ਵਸੀਕੇ ਹੀ ਰੋਜਾਨਾ ਰਜਿਸਟਰਡ ਕੀਤੇ ਜਾਣਗੇ।
- ਆਨ ਲਾਈਨ ਦਸਤਾਵੇਜਾ ਦੀ ਰਜਿਸਟਰੇਸ਼ਨ ਕੰਮ ਵਿੱਚ ਬਾਇਉ ਮੈਟਰਿਕ ਹਾਲ ਦੀ ਘੜੀ ਬੰਦ ਰੱਖੇ ਜਾਣਗੇ।
- ਵਸੀਅਤ ਦੇ ਦਸਤਾਵੇਜਾਂ ਨੂੰ ਪਹਿਲਾਂ ਦੀ ਤਰ੍ਹਾਂ ਹੀ ਸਿਸਟਮ ਰਾਹੀਂ ਆਨਲਾਈਨ ਰਜਿਸਟਰਡ ਕੀਤਾ ਜਾਵੇਗਾ।
- ਉਕਤ ਤੋਂ ਇਲਾਵਾ ਹੋਰ ਦਸਤਾਵੇਜਾਂ ਨੂੰ ਆਨ ਲਾਈਨ ਰਜਿਸਟਰਡ ਕਰਵਾਉਣ ਲਈ ਵੇਚਣ ਵਾਲੇ/ ਵਸੀਕਾ ਤਸਦੀਕ ਕਰਵਾਉਣ ਵਾਲੇ ਦੀ ਫੋਟੋ ਰਿਅਲ ਟਾਇਮ ਅਤੇ ਆਨ ਲਾਈਨ ਪਹਿਲਾਂ ਵਾਂਗ ਹੀ ਲਈ ਜਾਵੇਗੀ। ਜਦ ਕਿ ਵਸੀਕੇ ਨਾਲ ਸਬੰਧਿਤ ਖਰੀਦ/ਦੂਜੀ ਧਿਰ ਅਤੇ ਗਵਾਹ ਆਦੀ ਦੀਆਂ ਤਾਜਾ ਪਾਸਪੋਰਟ ਸਾਇਜ, ਸਵੈ ਤਸਦੀਕ ਕੀਤੀਆਂ ਗਈਆਂ ਫੋਟੋਆ ਦਸਤਾਵੇਜਾਂ ਉੱਤੇ ਲਗਾਇਆਂ ਜਾਣਗਿਆ।
- ਹਾਲ ਦੀ ਘੜੀ ਖੂਨੀ ਰਿਸ਼ਤਿਆਂ ਵਿੱਚ ਕੀਤੇ ਜਾਂਦੇ ਤਬਦੀਲ ਮਲਕੀਅਤ ਦੇ ਵਸੀਕਿਆਂ ਨੂੰ ਰਜਿਸਟਰਡ ਕਰਨ ਤੇ ਪੂਰਨ ਰੋਕ ਹੋਵੇਗੀ ਅਤੇ ਇਸ ਮੁੱਦੇ ਸਬੰਧੀ ਫੈਸਲਾ, ਮੌਜੂਦਾ ਸਥਿਤੀ ਨੂੰ ਵਿਚਾਰ ਕੇ ਬਾਅਦ ਵਿੱਚ ਲਿਆ ਜਾਵੇਗਾ।

ਪੈਰਾ ਨੰਬਰ 2.

- ਰਜਿਸਟਰੇਸ਼ਨ ਦੇ ਕੰਮ ਤੋਂ ਇਲਾਵਾ ਮਾਲ ਵਿਭਾਗ ਵਿੱਚ ਫਰਦ ਕੇਂਦਰ ਵੀ ਖੋਲੇ ਜਾਣਗੇ, ਜੋ ਕਿ ਆਮ ਦਿਨਾਂ ਵਾਂਗ ਹੀ ਕੰਮ ਕਰਨਗੇ। ਇਸ ਦੇ ਨਾਲ ਹੀ ਤਹਿਸੀਲ ਕੰਪਲੈਕਸ ਵਿੱਚ ਕੰਮ ਕਰਦੇ ਅਸ਼ਟਾਮ ਫਰੋਸ਼, ਵਸੀਕਾ ਨਵੀਸ, ਕੰਪਿਊਟਰ ਅਪਰੇਟਰ ਅਤੇ ਫੋਟੋਗ੍ਰਾਫਰ ਆਦਿ ਵੀ ਉਕਤ ਸਾਰਿਆਂ ਦਾ ਪਾਲਨ ਕਰਦੇ ਹੋਏ ਆਪਣਾ ਕੰਮ ਸ਼ੁਰੂ ਕਰ ਲੈਣਗੇ।

ਪੈਰਾ ਨੰਬਰ 3.

- ਸਬ ਰਜਿਸਟਰਾਰ/ ਜਾਇੰਟ ਸਬ ਰਜਿਸਟਰਾਰ ਦਫਤਰਾਂ ਵਿੱਚ ਰਜਿਸਟਰੇਸ਼ਨ ਦੇ ਸਮੇਂ ਅਤੇ ਫਰਦ ਕੇਂਦਰ ਵਿੱਚ ਡਿਊਟੀ ਕਰਦੇ ਸਮੇਂ ਅਤੇ ਤਹਿਸੀਲ ਵਿੱਚ ਕੰਮ ਕਰਦੇ ਅਸ਼ਟਾਮ ਫਰੋਸ਼, ਵਸੀਕਾ ਨਵੀਸ, ਫੋਟੋ ਗ੍ਰਾਫਰ ਅਤੇ ਕੰਮਪਿਊਟਰ ਅਪਰੇਟਰ ਆਦਿ ਵਲੋਂ ਪੰਜਾਬ ਸਰਕਾਰ ਵਲੋਂ ਸਿਹਤ ਅਤੇ ਸੁਰਖਿਆ ਸਬੰਧੀ ਵੱਖ ਵੱਖ ਸਮੇਂ ਜਾਰੀ ਕੀਤੀਆਂ ਹਦਾਇਤਾਂ ਅਤੇ ਕੋਵਿਡ-19 ਸਬੰਧੀ ਦਿੱਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇਗੀ। ਕੋਵਿਡ-19 ਤੋਂ ਬਚਾਅ ਲਈ ਸ਼ਰੀਰਿਕ ਦੂਰੀ ਬਣਾ ਕੇ ਰਖੀ ਜਾਵੇਗੀ ਅਤੇ ਕਿਸੇ ਵੀ ਜਗ੍ਹਾ ਤੇ ਭੀੜ ਇਕੱਠੀ ਨਹੀਂ ਹੋਣ ਦਿੱਤੀ ਜਾਵੇਗੀ।

ਉਕਤ ਅਨੁਸਾਰ ਰਜਿਸਟਰੇਸ਼ਨ ਦਾ ਕੰਮ ਮਿਤੀ 11-05-2020 ਤੋਂ ਸ਼ੁਰੂ ਹੋਵੇਗਾ ਅਤੇ ਇਹ ਕੰਮ ਸੋਮਵਾਰ ਤੋਂ ਸ਼ੁਕਰਵਾਰ ਤੱਕ ਕੀਤਾ ਜਾਵੇਗਾ।

ਦਫਤਰੀ ਕੰਮ ਸ਼ੁਰੂ ਕਰਨ ਸਮੇਂ ਇਹ ਵੀ ਯਕੀਨੀ ਬਣਾਇਆ ਜਾਵੇਂ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਅਤੇ ਸੁਰੱਖਿਆ ਸਬੰਧੀ ਵੱਖ- ਵੱਖ ਸਮੇਂ ਜਾਰੀ ਕੀਤੀਆਂ ਹਦਾਇਤਾਂ ਅਤੇ ਦਿਸ਼ਾ ਨਿਰਦੇਸ਼ਾਂ ਦੀ ਸਖਤੀ ਪਾਲਣਾ ਕੀਤੀ ਜਾਵੇਗੀ ਅਤੇ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ( ਪੀ.ਪੀ.-2) ਸ਼ਾਖਾ ਵੱਲੋਂ ਉਨ੍ਹਾਂ ਦੇ ਦਫਤਰ ਦੇ ਪੱਤਰ ਨੰਬਰ 12/7/2020-4 ਪੀ.ਪੀ.2/223 ਮਿਤੀ 4.05.2020 ਰਾਹੀਂ ਹਦਾਇਤਾਂ ਦੀ ਪਾਲਣਾ ਵੀ ਯਕੀਨੀ ਬਣਾਈ ਜਾਵੇ।

ਇਸ ਤੋਂ ਇਲਾਵਾ ਸਬ ਰਜਿਸਟਰਾਰ/ ਜਾਇੰਟ ਸਬ ਰਜਿਸਟਰਾਰ ਦੇ ਏਰੀਏ ਵਿੱਚ ਪੈਂਦੇ ਨਗਰ ਨਿਗਮ/ ਨਗਰ ਕੌਂਸਲ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੰਮ ਵਾਲੇ ਦਿਨ ਸਵੇਰੇ ਅਤੇ ਸ਼ਾਮ ਇਨ੍ਹਾ ਦਫਤਰਾਂ ਨੂੰ ਸੈਨੇਟਾਇਜ ਕਰਨਾ ਯਕੀਨੀ ਵਣਾਇਆ ਜਾਵੇ।

ਉਪਰੋਕਤ ਹੁਕਮਾਂ ਦੇ ਸਨਮੁੱਖ ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਜਲੰਧਰ ਨੂੰ ਅਧਿਕਾਰਤ ਕੀਤਾ ਜਾਂਦਾ ਹੈ ਕਿ ਜੇਕਰ ਤਹਿਸੀਲ ਕੰਪਲੈਕਸ ਵਿੱਚ ਕੰਮ ਕਰਦੇ ਵਸੀਕਾ ਨਵੀਸਾਂ, ਅਸ਼ਟਾਮ ਫਰੋਸ਼ਾਂ, ਅਰਜੀ ਨਵੀਸਾਂ, ਫੋਟੋ ਗ੍ਰਾਫਰਾਂ ਅਤੇ ਕੰਪਿਊਟਰ ਅਪਰੇਟਰਾਂ ਵਲੋਂ ਪੰਜਾਬ ਸਰਕਾਰ ਵਲੋਂ ਜਾਰੀ ਹਦਾਇਤਾਂ ਦੀ ਪਾਲਣਾ ਯਕੀਨੀ ਨਹੀਂ ਬਣਾਈ ਜਾਂਦੀ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਕਰਨ ਲਈ ਇਸ ਦਫਤਰ ਨੂੰ ਤੁਰੰਤ ਸੂਚਿੱਤ ਕੀਤਾ ਜਾਵੇ।

ਜਿਲ੍ਹਾ ਮੈਜਿਸਟਰੇਟ,
ਜਲੰਧਰ।

**ਪਿੱਠ ਅੰਕਣ ਨੰਬਰ: 291-305 /HRC ਮਿਤੀ: 08-05-2020**

ਇਸ ਦਾ ਇਕ ਉਤਾਰਾ ਹੇਠ ਲਿਖੇ ਅਧਿਕਾਰਿਆਂ ਨੂੰ ਸੂਚਨਾ ਅਤੇ ਲੋੜਿੰਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2. ਗ੍ਰਹਿ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
3. ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ
4. ਵਿੱਤੀ ਕਮਿਸ਼ਨਰ ਮਾਲ-ਕਮ-ਚੀਫ ਕੰਟਰੋਲਿੰਗ ਰੈਵੀਨਿਊ ਅਥਾਰਟੀ, ਚੰਡੀਗੜ੍ਹ
5. ਇੰਸਪੈਕਟਰ ਜਨਰਲ ਆਫ ਰਜਿਸਟਰੇਸ਼ਨ, ਪੰਜਾਬ
6. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ
7. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮੈਜਿਸਟਰੇਟ
8. ਕਮਿਸ਼ਨਰ ਆਫ ਪੁਲਿਸ, ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ), ਜਲੰਧਰ
9. ਸਮੂਹ ਉਪ ਮੰਡਲ ਮੈਜਿਸਟਰੇਟ/ਤਹਿਸੀਲਦਾਰ/ ਸਬ ਰਜਿਸਟਰਾਰ/ ਜਾਇੰਟ ਸਬ ਰਜਿਸਟਰਾਰ ਜਿਲ੍ਹਾ ਜਲੰਧਰ
10. ਕਮਿਸ਼ਨਰ, ਨਗਰ ਨਿਗਮ, ਜਲੰਧਰ
11. ਜਿਲ੍ਹਾ ਅਟਾਰਨੀ, ਜਲੰਧਰ
12. ਜਿਲ੍ਹਾ ਲੋਕ ਸੰਪਰਕ ਅਫਸਰ, ਜਲੰਧਰ
13. ਸਮੂਹ ਕਾਰਜਸਾਧਕ ਅਫਸਰ, ਨਗਰ ਕੌਂਸਲ/ਨਗਰ ਪੰਚਾਇਤ, ਜਿਲ੍ਹਾ ਜਲੰਧਰ
14. ਜਿਲ੍ਹਾ ਇੰਨਫੋਰਮੈਟਿਕ ਅਫਸਰ, ਜਲੰਧਰ
15. ਜਿਲ੍ਹਾ ਸਿਸਟਮ ਮੈਨੇਜਰ, ਪੰਜਾਬ ਲੈਂਡ ਰਿਕਾਰਡ ਸੁਸਾਇਟੀ, ਜਲੰਧਰ।

ਵਾ: ਜਿਲ੍ਹਾ ਮੈਜਿਸਟਰੇਟ,
ਜਲੰਧਰ।